## ਵੇਲਜ਼ ਵਿੱਚ ਸਿਹਤ ਸੇਵਾਵਾਂ

ਜੇ ਤੁਸੀਂ ਹਾਲ ਵਿੱਚ ਹੀ ਵੇਲਜ਼ ਵਿੱਚ ਆਏ ਹੋ ਜਾਂ ਇਹ ਪਤਾ ਕਰਨ ਦੀ ਕੋਸ਼ਿਸ਼ ਕਰ ਰਹੇ ਹੋ ਕਿ ਵੇਲਜ਼ ਵਿੱਚ ਸਿਹਤ-ਸੰਭਾਲ ਕਿਵੇਂ ਕੰਮ ਕਰਦੀ ਹੈ, ਤਾਂ ਸ਼ਾਇਦ ਹੇਠਾਂ ਦਿੱਤੀ ਜਾਣਕਾਰੀ ਤੁਹਾਡੇ ਲਈ ਉਪਯੋਗੀ ਹੋ ਸਕਦੀ ਹੈ।

### NHS ਕੀ ਹੈ?

NHS (National Health Service) ਯੂਕੇ ਦੀ ਸਰਕਾਰੀ ਸਿਹਤ ਸੇਵਾ ਹੈ ਜੋ ਬਹੁਤ ਤਰ੍ਹਾਂ ਦੀਆਂ ਸਿਹਤ-ਸੰਭਾਲ ਸੇਵਾਵਾਂ ਦੇ ਰਾਹੀਂ ਯੂਕੇ ਦੇ ਨਿਵਾਸੀਆਂ ਲਈ ਇਲਾਜ ਮੁਹੱਈਆ ਕਰਦੀ ਹੈ। ਕੁਝ ਸੇਵਾਵਾਂ ਮੁਫ਼ਤ ਹਨ ਅਤੇ ਕੁਝ ਲਈ ਤੁਹਾਨੂੰ ਭੁਗਤਾਨ ਕਰਨਾ ਪੈ ਸਕਦਾ ਹੈ।

### ਕਿਹੜੀਆਂ ਸੇਵਾਵਾਂ ਉਪਲਬਧ ਹਨ?

### ਜਨਰਲ ਪ੍ਰੈਕਟਿਸ਼ਨਰ (ਜੀਪੀ) / ਡਾਕਟਰ ਦੀ ਸਰਜਰੀ ਜਾਂ ਹੈਲਥ ਸੈਂਟਰ

ਜੀਪੀ ਸਥਾਨਕ ਪਰਿਵਾਰਕ ਡਾਕਟਰ ਹੁੰਦੇ ਹਨ ਜੋ ਸਥਾਨਕ ਭਾਈਚਾਰੇ ਦੀ ਸਿਹਤ ਦੇ ਨਾਲ ਨਿਪਟਦੇ ਹਨ। ਉਹ ਆਮ ਤੌਰ ਤੇ 'ਜੀਪੀ ਪ੍ਰੈਕਟਿਸਾਂ' (ਡਾਕਟਰਾਂ ਦੀਆਂ ਸਰਜਰੀਆਂ) ਵਿੱਚ, ਦੂਜੇ ਡਾਕਟਰਾਂ, ਨਰਸਾਂ, ਹੈਲਥ ਵਿਜ਼ਿਟਰਾਂ ਅਤੇ ਦਾਈਆਂ ਦੇ ਨਾਲ ਮਿਲ ਕੇ ਕੰਮ ਕਰਦੇ ਹਨ ਅਤੇ ਸਰਜਰੀ ਵਿੱਚ ਡਾਕਟਰ ਨਾਲ ਮੁਲਾਕਾਤਾਂ ਯੂਕੇ ਦੇ ਸਾਰੇ ਨਿਵਾਸੀਆਂ ਲਈ ਮੁਫ਼ਤ ਹੁੰਦੀਆਂ ਹਨ। ਜੀਪੀ ਆਮ ਤੌਰ ਤੇ ਸਿਹਤ-ਸੰਭਾਲ ਤਕ ਤੁਹਾਡੀ ਪਹੁੰਚ ਬਣਾਉਣ ਵਾਸਤੇ ਸੰਪਰਕ ਦਾ ਪਹਿਲਾ ਬਿੰਦੂ ਹੁੰਦਾ ਹੈ। ਜੇ ਜੀਪੀ ਤੁਹਾਡੀ ਸਮੱਸਿਆ ਦੇ ਨਾਲ ਨਿਪਟ ਨਹੀਂ ਸਕੇਗਾ ਤਾਂ ਉਹ ਤੁਹਾਨੂੰ ਕਿਸੇ ਵਿਸ਼ੇਸ਼ੱਗ ਕੋਲ ਜਾਂ ਹਸਪਤਾਲ ਵਿੱਚ ਭੇਜੇਗਾ। ਜੀਪੀ ਦੀਆਂ ਪ੍ਰੈਕਟਿਸਾਂ ਆਮ ਤੌਰ ਤੇ ਦਿਨ ਦੇ ਸਮੇਂ ਅਤੇ ਸ਼ੁਰੂਆਤੀ ਸ਼ਾਮ ਵੇਲੇ ਖੁੱਲ੍ਹਦੀਆਂ ਹਨ, ਪਰ ਉਹਨਾਂ ਕੋਲ ਇਸ ਬਾਰੇ ਇੱਕ ਆਂਸਰਿੰਗ ਮਸ਼ੀਨ ਸੁਨੇਹਾ ਹੋਵੇਗਾ ਕਿ ਪ੍ਰੈਕਟਿਸ ਦੇ ਬੰਦ ਹੋਣ ਤੇ ਤੁਸੀਂ ਡਾਕਟਰੀ ਮਦਦ ਕਿੱਥੋਂ ਲੈ ਸਕਦੇ ਹੋ। ਤੁਸੀਂ ਜਾਂ ਤਾਂ ਵਿਅਕਤੀਗਤ ਤੌਰ ਤੇ ਜੀਪੀ ਕੋਲ ਜਾ ਸਕਦੇ ਹੋ ਜਾਂ ਟੈਲੀਫੋਨ ਦੁਆਰਾ ਪ੍ਰੈਕਟਿਸ ਨਾਲ ਸੰਪਰਕ ਕਰ ਸਕਦੇ ਹੋ। ਤੁਸੀਂ ਫੋਨ ਬੁੱਕ ਵਿੱਚ ਦੇਖ ਕੇ, NHS Direct Wales (0845 46 47) ਨਾਲ ਸੰਪਰਕ ਕਰ ਕੇ, ਇਸ ਵੈਬਸਾਈਟ ਤੇ ਵੇਰਵਾ ਖੋਜ ਕੇ ਜਾਂ ਗੁਆਂਢੀਆਂ, ਦੋਸਤਾਂ ਅਤੇ ਪਰਿਵਾਰ ਨੂੰ ਪੁੱਛ ਕੇ NHS ਦੇ ਸਥਾਨਕ ਜੀਪੀ ਲੱਭ ਸਕਦੇ ਹੋ। ਜੀਪੀ ਤੁਹਾਨੂੰ ਦੱਸ ਸਕਦੇ ਹਨ ਕਿ ਤੁਸੀਂ ਉਸ ਇਲਾਕੇ ਵਿੱਚ ਰਹਿੰਦੇ ਹੋ ਜਾਂ ਨਹੀਂ ਜੋ ਉਹਨਾਂ ਦੀ ਸਰਜਰੀ ਦੇ ਤਹਿਤ ਆਉਂਦਾ ਹੈ, ਅਤੇ ਕੀ ਸਰਜਰੀ ਨਵੇਂ ਮਰੀਜ਼ ਲੈ ਸਕਦੀ ਹੈ। ਪੁੱਛੋ ਕਿ ਕੀ ਡਾਕਟਰ ਨੂੰ ਮਿਲਣ ਵਾਸਤੇ ਤੁਹਾਨੂੰ ਅਪਾਇੰਟਮੈਂਟ ਲੈਣ ਦੀ ਲੋੜ ਹੋਵੇਗੀ ਜਾਂ ਨਹੀਂ, ਅਤੇ ਕਿਸੇ ਵੀ ਅਪਾਇੰਟਮੈਂਟ ਲਈ ਸਮੇਂ ਤੇ ਪਹੁੰਚਣਾ ਯਾਦ ਰੱਖੋ। ਜੇ ਤੁਸੀਂ ਫਿਕਰਮੰਦ ਹੋ ਕਿ ਤੁਸੀਂ ਅੰਗਰੇਜ਼ੀ ਚੰਗੀ ਤਰ੍ਹਾਂ ਨਹੀਂ ਬੋਲਦੇ ਹੋ ਤਾਂ ਕਿਰਪਾ ਕਰਕੇ ਆਪਣੇ ਨਾਲ ਕਿਸੇ ਦੋਸਤ ਜਾਂ ਪਰਿਵਾਰ ਦੇ ਮੈਂਬਰ ਨੂੰ ਲੈ ਜਾਓ ਜੋ ਚੰਗੀ ਅੰਗਰੇਜ਼ੀ ਬੋਲਦਾ ਹੋਵੇ। ਜਾਂ ਆਪਣੀ ਜੀਪੀ ਸਰਜਰੀ ਨੂੰ ਪੁੱਛੋ ਕਿ ਕੀ ਉਹ ਤੁਹਾਡੇ ਲਈ ਕਿਸੇ ਦੁਭਾਸ਼ੀਏ ਦਾ ਪ੍ਰਬੰਧ ਕਰ ਸਕਦੇ ਹਨ।

**NHS Direct Wales**
NHS Direct Wales ਸਿਹਤ ਬਾਰੇ ਸਲਾਹ ਅਤੇ ਜਾਣਕਾਰੀ ਦੇਣ ਵਾਲੀ ਸੇਵਾ ਹੈ ਜੋ ਹਰ ਰੋਜ਼ ਦਿਨ ਦੇ 24 ਘੰਟੇ ਉਪਲਬਧ ਰਹਿੰਦੀ ਹੈ। ਜੇ ਤੁਸੀਂ ਬਿਮਾਰ ਮਹਿਸੂਸ ਕਰ ਰਹੇ ਹੋ ਅਤੇ ਤੁਹਾਨੂੰ ਪੱਕਾ ਪਤਾ ਨਹੀਂ ਹੈ ਕਿ ਕੀ ਕਰਨਾ ਹੈ, ਅਤੇ ਬਹੁਤ ਤਰ੍ਹਾਂ ਦੀਆਂ ਸਮੱਸਿਆਵਾਂ, ਇਲਾਜਾਂ ਅਤੇ ਸਥਾਨਕ ਸਿਹਤ ਸੇਵਾਵਾਂ ਬਾਰੇ ਜਾਣਕਾਰੀ ਵਾਸਤੇ ਤੁਸੀਂ NHS Direct Wales ਨੂੰ 0845 46 47 ਤੇ ਕਾਲ ਕਰ ਸਕਦੇ ਹੋ। ਲੈਂਡਲਾਈਨਾਂ ਤੋਂ ਕਾਲਾਂ ਲਈ ਸਥਾਨਕ ਦਰ ਤੇ ਖਰਚਾ ਲਿਆ ਜਾਂਦਾ ਹੈ, ਮੋਬਾਈਲ ਤੋਂ ਕਾਲਾਂ ਲਈ ਖਰਚਾ ਵੱਖਰਾ ਹੋ ਸਕਦਾ ਹੈ।

NHS Direct Wales ਪੰਜਾਬੀ ਸਮੇਤ, ਲਈ ਭਾਸ਼ਾਵਾਂ ਵਿੱਚ ਗੁਪਤ ਦੁਭਾਸ਼ੀਏ ਮੁਹੱਈਆ ਕਰ ਸਕਦਾ ਹੈ। ਜੇ ਤੁਸੀਂ ਪੰਜਾਬੀ ਵਰਤਣੀ ਚਾਹੁੰਦੇ ਹੋ, ਤਾਂ NHS Direct Wales ਨੂੰ ਟੈਲੀਫੋਨ ਨੰਬਰ 0845 46 47 ਤੇ ਕਾਲ ਕਰੋ ਅਤੇ ਜਦੋਂ ਤੁਹਾਡੀ ਕਾਲ ਦਾ ਜਵਾਬ ਦਿੱਤਾ ਜਾਂਦਾ ਹੈ, "Punjabi" ਬੋਲੋ। ਕਿਸੇ ਪੰਜਾਬੀ ਦੁਭਾਸ਼ੀਏ ਨਾਲ ਤੁਹਾਡਾ ਸੰਪਰਕ ਕਰਾਏ ਜਾਣ ਤਕ ਉਡੀਕ ਕਰੋ ਜੋ ਤੁਹਾਡੀ ਲੋੜ ਦੀ ਸਿਹਤ ਸਬੰਧੀ ਜਾਣਕਾਰੀ ਜਾਂ ਸਲਾਹ ਦੇਣ ਵਿੱਚ NHS Direct Wales ਦੀ ਮਦਦ ਕਰੇਗਾ।

**ਫ਼ਾਰਮਾਸਿਸਟ**
ਫ਼ਾਰਮਾਸਿਸਟ (ਕਦੇ-ਕਦੇ ਕੈਮਿਸਟ ਕਿਹਾ ਜਾਂਦਾ ਹੈ) ਦਵਾਈਆਂ ਦੇ ਮਾਹਰ ਹੁੰਦੇ ਹਨ ਅਤੇ ਉਹ ਇੰਜ ਕੰਮ ਕਰਦੇ ਹਨ। ਉਹ ਆਮ ਸ਼ਿਕਾਇਤਾਂ, ਜਿਵੇਂ ਕਿ ਖਾਂਸੀ, ਸਰਦੀ, ਦਰਦਾਂ ਅਤੇ ਪੀੜਾਂ ਬਾਰੇ, ਅਤੇ ਸਿਹਤਮੰਦ ਭੋਜਨ ਅਤੇ ਤਮਾਕੂਨੋਸ਼ੀ ਛੱਡਣ ਵਰਗੇ ਸਿਹਤ ਦੇ ਦੂਜੇ ਮੁੱਦਿਆਂ ਬਾਰੇ ਸਲਾਹ ਦੇ ਸਕਦੇ ਹਨ। ਉਹ ਤੁਹਾਡੇ ਡਾਕਟਰ ਦੁਆਰਾ ਲਿਖੀਆਂ ਦਵਾਈਆਂ ਤਿਆਰ ਕਰਨਗੇ। ਫ਼ਾਰਮਾਸਿਸਟਾਂ ਤੋਂ ਸਲਾਹ ਮੁਫ਼ਤ ਹੁੰਦੀ ਹੈ ਪਰ ਤੁਹਾਨੂੰ ਆਪਣੀਆਂ ਦਵਾਈਆਂ ਲਈ ਭੁਗਤਾਨ ਕਰਨਾ ਪੈ ਸਕਦਾ ਹੈ ਜਾਂ ਤੁਸੀਂ ਸ਼ਾਇਦ ਮੁਫ਼ਤ ਨੁਸਖ਼ੇ ਦੇ ਯੋਗ ਹੋ ਸਕਦੇ ਹੋ - ਤੁਹਾਡਾ ਡਾਕਟਰ ਤੁਹਾਨੂੰ ਇਸ ਬਾਰੇ ਦੱਸੇਗਾ। ਆਪਣੀ ਸਭ ਤੋਂ ਨੇੜਲੀ ਫਾਰਮੇਸੀ ਲੱਭਣ ਲਈ ਤੁਸੀਂ ਇਸ ਸਾਈਟ ਤੇ ਫਾਰਮੇਸੀ ਡਾਟਾਬੇਸ ਵਿੱਚ ਖੋਜ ਕਰ ਸਕਦੇ ਹੋ।

**ਹਸਪਤਾਲ**
ਜੇ ਤੁਹਾਡਾ ਜੀਪੀ ਇਲਾਜ ਵਾਸਤੇ ਤੁਹਾਨੂੰ ਹਸਪਤਾਲ ਭੇਜਦਾ ਹੈ, ਤਾਂ ਆਮ ਤੌਰ ਤੇ ਤੁਹਾਨੂੰ ਇੱਕ ਸਲਾਹਕਾਰ (ਵਿਸ਼ੇਸ਼ੱਗ ਡਾਕਟਰ) ਨੂੰ ਮਿਲਣ ਵਾਸਤੇ ਅਪਾਇੰਟਮੈਂਟ ਦਿੱਤੀ ਜਾਵੇਗੀ। ਡਾਕਟਰੀ ਸਮੱਸਿਆ ਦੇ ਆਧਾਰ ਤੇ, ਤੁਹਾਡਾ ਇਲਾਜ ਇੱਕ ਦਾਖਲ-ਮਰੀਜ਼ (ਜਿੱਥੇ ਤੁਹਾਨੂੰ ਇੱਕ ਵਾਰਡ ਵਿੱਚ ਭਰਤੀ ਕੀਤਾ ਜਾਂਦਾ ਹੈ ਅਤੇ ਤੁਸੀਂ ਰਾਤ ਭਰ ਲਈ ਜਾਂ ਵਧੇਰੇ ਸਮੇਂ ਲਈ ਉੱਥੇ ਰਹਿੰਦੇ ਹੋ) ਜਾਂ ਇੱਕ ਬਾਹਰੀ ਮਰੀਜ਼ (ਜਿੱਥੇ ਤੁਸੀਂ ਅਪਾਇੰਟਮੈਂਟ ਲਈ ਹਸਪਤਾਲ ਜਾਂਦੇ ਹੋ) ਦੇ ਰੂਪ ਵਿੱਚ ਕੀਤਾ ਜਾ ਸਕਦਾ ਹੈ। ਜੇ ਤੁਸੀਂ ਸੋਚਦੇ ਹੋ ਕਿ ਤੁਹਾਨੂੰ ਕਿਸੇ ਵਿਸ਼ੇਸ਼ੱਗ ਡਾਕਟਰ ਨੂੰ ਮਿਲਣ ਦੀ ਲੋੜ ਹੈ, ਤਾਂ ਤੁਹਾਨੂੰ ਪਹਿਲਾਂ ਆਪਣੇ ਜੀਪੀ ਕੋਲ ਜਾਣਾ ਚਾਹੀਦਾ ਹੈ ਅਤੇ ਉਸ ਨੂੰ ਤੁਹਾਨੂੰ ਅੱਗੇ ਭੇਜਣ ਵਾਸਤੇ ਕਹਿਣਾ ਚਾਹੀਦਾ ਹੈ।

ਸਾਰੇ ਹਸਪਤਾਲ NHS ਦੇ ਅੰਦਰ ਕੰਮ ਨਹੀਂ ਕਰਦੇ ਹਨ। ਪ੍ਰਾਈਵੇਟ ਹਸਪਤਾਲ ਵੀ ਹਨ ਜੋ ਤੁਹਾਡਾ ਇਲਾਜ ਕਰ ਸਕਦੇ ਹਨ ਪਰ ਤੁਹਾਨੂੰ ਉਸਦੇ ਲਈ ਭੁਗਤਾਨ ਕਰਨਾ ਪਵੇਗਾ।

**ਐਕਸੀਡੈਂਟ ਅਤੇ ਇਮਰਜੇਂਸੀ (A&E) ਡਿਪਾਰਟਮੈਂਟ**

ਕੁਝ (ਪਰ ਸਾਰੇ ਨਹੀਂ) ਹਸਪਤਾਲਾਂ ਵਿੱਚ ਐਕਸੀਡੈਂਟ ਅਤੇ ਇਮਰਜੇਂਸੀ ਡਿਪਾਰਟਮੈਂਟ ਹੁੰਦੇ ਹਨ। ਇਹ ਡਿਪਾਰਟਮੈਂਟ ਦਿਨ ਦੇ 24 ਘੰਟੇ ਖੁੱਲ੍ਹੇ ਰਹਿੰਦੇ ਹਨ ਅਤੇ ਉਹਨਾਂ ਮਰੀਜ਼ਾਂ ਨਾਲ ਨਿਪਟਦੇ ਹਨ ਜਿਨ੍ਹਾਂ ਨੂੰ ਸੰਕਟਕਾਲੀ ਇਲਾਜ ਦੀ ਲੋੜ ਹੁੰਦੀ ਹੈ।

**ਇਮਰਜੇਂਸੀ (ਸੰਕਟਕਾਲੀ) ਸੇਵਾਵਾਂ: 999 ਡਾਇਲ ਕਰੋ**

ਜੇ ਤੁਹਾਨੂੰ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਹੋਵੇ (ਉਦਾਹਰਨ ਵਾਸਤੇ ਤੁਹਾਡੇ ਨਾਲ ਕੋਈ ਦੁਰਘਟਨਾ ਹੋ ਜਾਂਦੀ ਹੈ), ਤਾਂ 999 ਤੇ ਫੋਨ ਕਰੋ। ਮੋਬਾਈਲ ਫੋਨਾਂ ਸਮੇਤ ਇਹ ਕਾਲ ਮੁਫ਼ਤ ਹੁੰਦੀ ਹੈ। ਆਪਰੇਟਰ ਪੁੱਛੇਗਾ ਕਿ ਤੁਹਾਨੂੰ ਕਿਸ ਸੰਕਟਕਾਲੀ ਸੇਵਾ ਦੀ ਲੋੜ ਹੈ (ਅੱਗ, ਪੁਲਿਸ ਜਾਂ ਐਂਬੂਲੈਂਸ) ਜ਼ਰੂਰੀ ਡਾਕਟਰੀ ਸਹਾਇਤਾ ਵਾਸਤੇ ਐਂਬੂਲੈਂਸ ਸਰਵਿਸ ਦੀ ਮੰਗ ਕਰੋ। ਸੰਕਟਕਾਲੀ ਸੇਵਾਵਾਂ ਨੂੰ ਇਹ ਦੱਸਣ ਵਾਸਤੇ ਤਿਆਰ ਰਹੋ ਕਿ ਕੀ ਹੋਇਆ ਹੈ ਅਤੇ ਤੁਸੀਂ ਸਹੀ-ਸਹੀ ਕਿੱਥੇ ਹੋ। ਇਮਰਜੇਂਸੀ ਮੈਡੀਕਲ ਡਿਸਪੈਚਰ ਤੁਹਾਡੀ ਹਾਲਤ ਦੇ ਬਾਰੇ, ਜਾਂ ਉਸ ਵਿਅਕਤੀ ਦੇ ਬਾਰੇ ਪ੍ਰਸ਼ਨ ਪੁੱਛੇਗਾ ਜਿਸ ਬਾਰੇ ਤੁਸੀਂ ਕਾਲ ਕਰ ਰਹੇ ਹੋ। ਤੁਹਾਡੀ ਕਾਲ ਦੇ ਕਾਰਨ ਦੇ ਆਧਾਰ ਤੇ, ਸਲਾਹ ਵਾਸਤੇ ਤੁਹਾਡੀ ਗੱਲ ਕਿਸੇ ਨਰਸ ਦੇ ਨਾਲ ਕਰਾਈ ਜਾ ਸਕਦੀ ਹੈ ਜਾਂ ਜੇ ਐਂਬੂਲੈਂਸ ਸੇਵਾ ਦੀ ਲੋੜ ਹੋਵੇ ਤਾਂ ਡਿਸਪੈਚਰ ਤੁਹਾਨੂੰ ਸਲਾਹ ਦੇਵੇਗਾ ਕਿ ਐਂਬੂਲੈਂਸ ਦੇ ਪਹੁੰਚਣ ਤਕ ਕੀ ਕਰਨਾ ਹੈ।

**ਡੈਂਟਿਸਟ (ਦੰਦਾਂ ਦੇ ਡਾਕਟਰ)**

ਡੈਂਟਿਸਟ ਦੰਦਾਂ ਅਤੇ ਮਸੂੜਿਆਂ ਵਾਸਤੇ ਰੁਟੀਨ ਵਿਸ਼ੇਸ਼ੱਗ ਦੇਖਭਾਲ ਮੁਹੱਈਆ ਕਰਦੇ ਹਨ। ਕਿਸੇ ਡੈਂਟਿਸਟ ਕੋਲ ਜਾਣ ਲਈ ਤੁਹਾਨੂੰ ਦੰਦਾਂ ਵਿੱਚ ਦਰਦ ਹੋਣ ਤਕ ਉਡੀਕ ਕਰਨ ਦੀ ਲੋੜ ਨਹੀਂ ਹੁੰਦੀ। ਜਾਂਚਾਂ ਨਾਲ ਕਿਸੇ ਵੱਡੀ ਸਮੱਸਿਆ ਨੂੰ ਪੈਦਾ ਹੋਣ ਤੋਂ ਰੋਕਣ ਵਿੱਚ ਮਦਦ ਮਿਲ ਸਕਦੀ ਹੈ। ਜ਼ਿਆਦਾਤਰ ਦੰਦਾਂ ਦੀਆਂ ਪ੍ਰੈਕਟਿਸਾਂ NHS ਅਤੇ ਨਿੱਜੀ, ਦੋਵਾਂ ਤਰ੍ਹਾਂ ਦੇ ਮਰੀਜ਼ਾਂ ਨੂੰ ਲੈਂਦੀਆਂ ਹਨ। ਭਾਵੇਂ ਤੁਸੀਂ ਇੱਕ NHS ਮਰੀਜ਼ ਦੇ ਰੂਪ ਵਿੱਚ ਰਜਿਸਟਰਡ ਹੋਵੋ, ਤੁਹਾਨੂੰ ਫੇਰ ਵੀ ਦੰਦਾਂ ਦੇ ਇਲਾਜ ਲਈ ਕੁਝ ਭੁਗਤਾਨ ਕਰਨਾ ਪਵੇਗਾ ਜੇ ਤੁਹਾਨੂੰ ਖਰਚੇ ਤੋਂ ਛੂਟ ਨਹੀਂ ਮਿਲੀ ਹੋਈ (ਉਦਾਹਰਨ ਵਾਸਤੇ ਜੇ ਤੁਹਾਡੀ ਉਮਰ 18 ਸਾਲ ਤੋਂ ਘੱਟ ਨਹੀਂ ਹੈ, ਜੇ ਤੁਸੀਂ ਗਰਭਵਤੀ ਨਹੀਂ ਹੋ ਜਾਂ ਪਿਛਲੇ 12 ਮਹੀਨੇ ਦੇ ਅੰਦਰ ਤੁਸੀਂ ਬੱਚੇ ਨੂੰ ਜਨਮ ਨਹੀਂ ਦਿੱਤਾ ਹੈ, ਜਾਂ ਜੇ ਤੁਸੀਂ ਕੁਝ ਖਾਸ ਬੈਨਿਫ਼ਿਟ ਕਲੇਮ ਨਹੀਂ ਕਰ ਰਹੇ ਹੋ)। ਆਪਣੇ ਸਭ ਤੋਂ ਨੇੜਲੇ ਡੈਂਟਿਸਟ ਨੂੰ ਲੱਭਣ ਲਈ ਤੁਸੀਂ ਇਸ ਸਾਈਟ ਤੇ ਆਨਲਾਈਨ ਡੈਂਟਲ ਡਾਟਾਬੇਸ ਵਿੱਚ ਖੋਜ ਕਰ ਸਕਦੇ ਹੋ।

**ਆਪਟੀਸ਼ਿਅਨ (ਅੱਖਾਂ ਦਾ ਮਾਹਰ)**

ਆਪਟੀਸ਼ਿਅਨ ਤੁਹਾਡੀ ਨਜ਼ਰ ਦੀ ਜਾਂਚ ਕਰਦੇ ਹਨ ਅਤੇ ਤੁਹਾਡੀਆਂ ਅੱਖਾਂ ਦੀ ਸਿਹਤ ਦਾ ਮੁਆਇਨਾ ਕਰਦੇ ਹਨ ਅਤੇ ਉਹ ਆਮ ਤੌਰ ਤੇ ਹਾਈ ਸਟ੍ਰੀਟ ਦੁਕਾਨਾਂ ਤੋਂ ਕੰਮ ਕਰਦੇ ਹਨ। ਤੁਹਾਡੀਆਂ ਅੱਖਾਂ ਦੀ ਜਾਂਚ ਕਰਨ ਦੇ ਬਾਅਦ, ਜੇ ਲੋੜ ਹੋਵੇ, ਕੁਝ ਆਪਟੀਸ਼ਿਅਨ ਤਜਵੀਜ਼ ਕੀਤੇ ਅਨੁਸਾਰ ਐਨਕਾਂ ਵੀ ਦਿੰਦੇ ਹਨ। ਜਦ ਤਕ ਕਿ ਤੁਸੀਂ ਅੱਖਾਂ ਦੀ ਮੁਫ਼ਤ ਜਾਂਚ ਵਾਸਤੇ ਯੋਗ ਨਹੀਂ ਹੋ (ਉਦਾਹਰਨ ਵਾਸਤੇ ਜੇ ਤੁਹਾਡੀ ਉਮਰ 18 ਸਾਲ ਤੋਂ ਘੱਟ ਨਹੀਂ ਹੈ, ਤੁਹਾਨੂੰ ਡਾਇਬਿਟੀਜ਼ ਜਾਂ ਗਲੂਕੋਮਾ ਨਹੀਂ ਹੈ, ਜਾਂ ਤੁਸੀਂ ਕੁਝ ਖਾਸ ਬੈਨਿਫ਼ਿਟ ਕਲੇਮ ਨਹੀਂ ਕਰ ਰਹੇ ਹੋ), ਤੁਹਾਨੂੰ ਇਹਨਾਂ ਸੇਵਾਵਾਂ ਲਈ ਭੁਗਤਾਨ ਕਰਨਾ ਪਵੇਗਾ।

**NHS ਸੇਵਾਵਾਂ ਬਾਰੇ ਸ਼ਿਕਾਇਤਾਂ ਕਿਵੇਂ ਕਰਨੀਆਂ ਹਨ।**

ਸਾਰੇ NHS ਸੰਗਠਨਾਂ ਦੇ ਕੋਲ ਸ਼ਿਕਾਇਤਾਂ ਵਾਸਤੇ ਪ੍ਰਕਿਰਿਆਵਾਂ ਹਨ। ਜੇ ਕਿਸੇ NHS ਸੇਵਾ ਦੇ ਬਾਰੇ ਤੁਹਾਡੀ ਕੋਈ ਸ਼ਿਕਾਇਤ ਹੈ ਤਾਂ ਤੁਸੀਂ ਉਸ ਸਟਾਫ਼ ਦੇ ਨਾਲ, ਜਿਸ ਨੇ ਸੇਵਾ ਮੁਹੱਈਆ ਕੀਤੀ ਸੀ, ਜਾਂ ਸੇਵਾ ਦੇ ਸ਼ਿਕਾਇਤ ਮੈਨੇਜਰ ਨਾਲ ਗੱਲ ਕਰ ਸਕਦੇ ਹੋ। ਤੁਸੀਂ ਆਪਣੀ ਸ਼ਿਕਾਇਤ ਲਿਖਤੀ ਰੂਪ ਵਿੱਚ ਵੀ ਦੇ ਸਕਦੇ ਹੋ, ਜਿਸ ਵਿੱਚ ਹੇਠਾਂ ਦਿੱਤੀਆਂ ਗੱਲਾਂ ਨੂੰ ਸ਼ਾਮਲ ਕਰਨਾ ਯਾਦ ਰੱਖੋ;

- ਸ਼ਿਕਾਇਤ ਕਿਸ ਵਿਅਕਤੀ ਜਾਂ ਚੀਜ਼ ਬਾਰੇ ਹੈ
- ਘਟਨਾ ਕਦੋਂ ਅਤੇ ਕਿੱਥੇ ਹੋਈ ਸੀ
- ਕੋਈ ਵੀ ਕਾਰਵਾਈ ਜੋ ਤੁਸੀਂ ਮੁੱਦੇ ਦੇ ਸਬੰਧ ਵਿੱਚ ਪਹਿਲਾਂ ਹੀ ਕਰ ਲਈ ਹੈ
- ਸ਼ਿਕਾਇਤ ਤੋਂ ਤੁਸੀਂ ਕੀ ਪ੍ਰਾਪਤ ਕਰਨਾ ਚਾਹੁੰਦੇ ਹੋ, ਜਿਵੇਂ ਕਿ ਵਿਆਖਿਆ, ਮਾਫ਼ੀ ਜਾਂ ਪ੍ਰਕਿਰਿਆ ਵਿੱਚ ਤਬਦੀਲੀ।

ਸ਼ਿਕਾਇਤਾਂ ਜਿੰਨੀ ਜਲਦੀ ਸੰਭਵ ਹੋ ਸਕੇ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਪਰ ਤੁਸੀਂ ਘਟਨਾ ਤੋਂ ਬਾਅਦ 12 ਮਹੀਨਿਆਂ ਤਕ ਦਾ ਸਮਾਂ ਲੈ ਸਕਦੇ ਹੋ। ਕਿਸੇ ਲਿਖਤੀ ਚਿੰਤਾ ਲਈ ਦੋ ਕੰਮਕਾਜੀ ਦਿਨਾਂ ਦੇ ਅੰਦਰ ਲਿਖਤੀ ਸਵੀਕ੍ਰਿਤੀ ਮਿਲਣੀ ਚਾਹੀਦੀ ਹੈ।

ਤੁਹਾਡੀ ਸ਼ਿਕਾਇਤ ਦੀ ਗੁਪਤ ਰੂਪ ਵਿੱਚ ਜਾਂਚ ਕੀਤੀ ਜਾਵੇਗੀ ਅਤੇ ਸ਼ਿਕਾਇਤ ਕਰਨ ਕਰਕੇ ਤੁਹਾਡੇ ਤੇ ਜੁਰਮਾਨਾ ਨਹੀਂ ਲਾਇਆ ਜਾਵੇਗਾ। ਆਮ ਤੌਰ ਤੇ ਤੁਹਾਨੂੰ 30 ਕੰਮਕਾਜੀ ਦਿਨਾਂ ਦੇ ਅੰਦਰ ਤੁਹਾਡੀ ਸ਼ਿਕਾਇਤ ਦਾ ਲਿਖਤੀ ਜਵਾਬ ਮਿਲ ਜਾਣਾ ਚਾਹੀਦਾ ਹੈ।

ਤੁਸੀਂ ਸ਼ਿਕਾਇਤ ਕਰਨ ਬਾਰੇ ਆਪਣੀ ਸਥਾਨਕ Community Health Council (CHC) ਤੋਂ ਸਲਾਹ ਲੈ ਸਕਦੇ ਹੋ, ਜੋ ਕਿ ਜੇ ਲੋੜ ਹੋਵੇ ਤਾਂ ਕਿਸੇ ਦੁਭਾਸ਼ੀਏ ਦਾ ਪ੍ਰਬੰਧ ਵੀ ਕਰ ਸਕੇਗੀ। ਤੁਸੀਂ ਉਹਨਾਂ ਨਾਲ 0845 644 7814 ਤੇ ਸੰਪਰਕ ਕਰ ਸਕਦੇ ਹੋ ਜਾਂ ਉਹਨਾਂ ਦੀ ਵੈਬਸਾਈਟ www.communityhealthcouncils.org.uk ਤੇ ਜਾ ਸਕਦੇ ਹੋ।

ਸ਼ਿਕਾਇਤ ਕਰਨ ਬਾਰੇ ਹੋਰ ਜਾਣਕਾਰੀ ਵਾਸਤੇ ਵੈਬਸਾਈਟ www.puttingthingsright.wales.nhs.uk ਤੇ ਜਾਓ।